بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّيْ عَلٰى رَسُوْلِهِ الْكَرِيْمِ وَعَلٰى عَبْدِهِ الْمَسِيْحِ الْمَوْعُوْدِ

لَا اِلٰهَ اِلَّا اللّٰهُ مُحَمَّدٌ رَّسُوْلُ اللّٰهِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516 Distt Gurdaspur (Punjab) INDIA



Mob:9682536974, E-Mail.: ansarullah@qadian.in — ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ


# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਬਚਨਾਂ ਦੀ ਰੌਸ਼ਨੀ'ਚ ਦੂਆ ਦੀ ਹਕੀਕਤ, ਢੰਗ, ਲੋੜ੍ਹ ਅਤੇ ਉਸ ਸੰਬੰਧੀ ਸਾਡੇ ਕਰਤਵ ਦਾ ਬਿਆਨ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 16 ਦਸੰਬਰ 2022 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ـ بِسْمِ اللّٰهِ الرَّحْمٰنِ الرَّحِيْمِ ـ اَلْحَمْدُ لِلّٰهِ رَبِّ الْعٰلَمِيْنَ ـ الرَّحْمٰنِ الرَّحِيْمِ ـ مٰلِكِ يَوْمِ الدِّيْنِ ـ اِيَّاكَ نَعْبُدُ وَاِيَّاكَ نَسْتَعِيْنُ ـ اِهْدِنَا الصِّرَاطَ الْمُسْتَقِيْمَ ـ صِرَاطَ الَّذِيْنَ اَنْعَمْتَ عَلَيْهِمْ ـ غَيْرِ الْمَغْضُوْبِ عَلَيْهِمْ وَلَا الضَّآلِّيْنَ ـ

**ਤਸ਼ਹੁਦ, ਤਾਊਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ:**

ਬਹੁਤ ਸਾਰੇ ਲੋਕ ਪ੍ਰਾਰਥਨਾ ਬਾਰੇ ਪ੍ਰਸ਼ਨ ਪੁੱਛਦੇ ਹਨ। ਦਵੈਤਵਾਦ ਦੇ ਸਮਰਥਕ ਪ੍ਰਾਰਥਨਾ ਅਤੇ ਰੱਬ'ਤੇ ਦੋਸ਼ ਲਾਉਂਦੇ ਹਨ। ਮਨੁੱਖ ਨੂੰ ਰੱਬ ਅਤੇ ਧਰਮ ਤੋਂ ਦੂਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਅਜਿਹੇ ਹਾਲਾਤ'ਚ ਸਾਡੇ ਲੋਕ ਵੀ ਕਈ ਵਾਰ ਭੈੜੀਆਂ ਸੋਚਾਂ ਤੋਂ ਪ੍ਰਭਾਵਿਤ ਹੁੰਦੇ ਹਨ। ਘੱਟ ਗਿਆਨ ਵਾਲੇ ਲੋਕਾਂ ਦੇ ਦਿਲਾਂ ਵਿੱਚ ਸ਼ੱਕ ਪੈਦਾ ਹੁੰਦਾ ਹੈ। ਇੱਕ ਮਾਮੂਲੀ ਪ੍ਰੀਖਿਆ ਦੇ ਨਤੀਜੇ ਵਜੋਂ, ਪ੍ਰਮਾਤਮਾ ਦੀ ਮੌਜੂਦਗੀ ਅਤੇ ਉਸ ਦੀਆਂ ਪ੍ਰਾਰਥਨਾਵਾਂ ਦੀ ਸੁਣਵਾਈ ਬਾਰੇ ਇਤਰਾਜ਼ ਪੈਦਾ ਹੁੰਦੇ ਹਨ।

ਅੱਜ ਮੈਂ ਮਸੀਹ ਮੌਊਦ ਅਲੈਹਿ ਸਲਾਮ ਦੇ ਬਚਨਾਂ ਦੀ ਰੋਸ਼ਨੀ ਵਿੱਚ ਪ੍ਰਾਰਥਨਾ ਦੇ ਵਿਸ਼ੇ ਦੀ ਵਿਆਖਿਆ ਕਰਾਂਗਾ। ਹਜ਼ੂਰ ਅਲੈਹਿ ਸਲਾਮ ਦੀਆਂ ਲਿਖਤਾਂ ਵਿੱਚ, ਦੂਆ ਦੀ ਹਕੀਕਤ, ਢੰਗ, ਸਾਡੀਆਂ ਜ਼ਿੰਮੇਵਾਰੀਆਂ, ਦੂਆ ਦੀ ਜ਼ਰੂਰਤ ਅਤੇ ਅੱਲ੍ਹਾ ਤਾਅਲਾ ਵਿੱਚ ਵਿਸ਼ਵਾਸ ਬਾਰੇ ਬਹੁਤ ਸਪੱਸ਼ਟੀਕਰਨ ਮਿਲਦਾ ਹੈ। ਇਸ ਤੱਥ ਸੰਬੰਧੀ ਕਿ ਸਾਨੂੰ ਚੰਗੇ ਹਾਲਾਤਾਂ ਵਿੱਚ ਵੀ ਦੂਆ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਮੁਸ਼ਕਿਲਾਂ ਵਿੱਚ ਵੀ ਸਾਡੀਆਂ ਦੂਆਵਾਂ ਕਬੂਲ ਹੋ ਜਾਣ, ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਉਸ ਵਿਅਕਤੀ ਲਈ ਮਿਹਰਬਾਨ ਹੈ ਜੋ ਅਮਨ ਦੀ ਸਥਿਤੀ ਵਿੱਚ ਡਰਦਾ ਹੈ ਜਿਵੇਂ ਕਿਸੇ ਮੁਸੀਬਤ ਸਮੇਂ ਡਰਦਾ ਹੈ। ਜੋ ਅਮਨ ਦੇ ਸਮੇਂ ਸਰਬ ਸ਼ਕਤੀਮਾਨ ਪਰਮਾਤਮਾ ਨੂੰ ਨਹੀਂ ਭੁੱਲਦਾ, ਪਰਮਾਤਮਾ ਉਸ ਨੂੰ ਮੁਸੀਬਤ ਸਮੇਂ ਨਹੀਂ ਭੁੱਲਦਾ, ਅਤੇ ਜੋ ਅਮਨ ਦੇ ਸਮੇਂ ਵਿਚ ਐਸ਼ੋ-ਆਰਾਮ ਵਿਚ ਰਹਿੰਦਾ ਹੈ ਅਤੇ ਮੁਸੀਬਤ ਸਮੇਂ ਅਰਦਾਸ ਕਰਦਾ ਹੈ, ਉਸ ਦੀ ਅਰਦਾਸ ਕਬੂਲ ਨਹੀਂ ਹੁੰਦੀ। ਬਿਪਤਾ ਦੇ ਉਤਰਨ ਵੇਲੇ, ਤੌਬਾ ਦਾ ਦਰਵਾਜ਼ਾ ਬੰਦ ਹੁੰਦਾ ਹੈ।

ਫਿਰ, ਦੂਆ ਮੰਗਣ ਵੇਲੇ ਵਿਅਕਤੀ ਦੀ ਸਥਿਤੀ ਕੀ ਹੋਣੀ ਚਾਹੀਦੀ ਹੈ ਅਤੇ ਦੂਆ ਦੇ ਢੰਗ ਕੀ ਹਨ, ਦੀ ਵਿਆਖਿਆ ਕਰਦੇ ਹੋਏ, ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਸਰਬ ਸ਼ਕਤੀਮਾਨ ਪਰਮਾਤਮਾ ਤੋਂ ਮੰਗਣ ਲਈ ਨਿਮਰ ਹੋਣਾ ਜ਼ਰੂਰੀ ਹੈ, ਅਤੇ ਜਦੋਂ ਕੋਈ ਬੁੱਧੀਮਾਨ ਵਿਅਕਤੀ ਰਾਜੇ ਤੋਂ ਕੁੱਝ ਮੰਗਦਾ ਹੈ ਤਾਂ ਨਿਮਰ ਹੁੰਦਾ ਹੈ ਇਸੇ ਲਈ, ਸੂਰਾਤੁਲ ਫਾਤਿਹਾ ਵਿੱਚ, ਪ੍ਰਮਾਤਮਾ ਨੇ ਇਹ ਸਿਖਾਇਆ ਹੈ ਕਿ اَلْحَمْدُ لِلّٰهِ رَبِّ الْعٰلَمِيْنَ ਭਾਵ ਇਹ ਹੈ ਕਿ

ਸਾਰੀ ਵਡਿਆਈ ਅੱਲ੍ਹਾ ਸਰਵ ਸ਼ਕਤੀਮਾਨ ਲਈ ਹੈ, ਜੋ ਸਾਰੇ ਸੰਸਾਰ ਦਾ ਮਾਲਕ ਹੈ। ਅੱਰਹਿਮਾਨ ਦਾ ਅਰਥ ਹੈ ਬਿਨਾਂ ਪੁੱਛੇ ਅਤੇ ਬਿਨਾਂ ਸਵਾਲ ਦੇ ਦੇਣ ਵਾਲਾ। ਅੱਰਹੀਮ ਕਿਸੇ ਦੀ ਮਿਹਨਤ ਦੇ ਚੰਗੇ ਨਤੀਜੇ ਦੇਣ ਵਾਲਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ “ਸੱਚੀ ਮਿਹਨਤ” ਇਹ ਧਿਆਨ ਦੇਣ ਵਾਲਾ ਸ਼ਬਦ ਹੈ। ਸੱਚੀ ਕਿਰਤ ਦੇ ਮਾਪਦੰਡ ਉਹ ਹਨ, ਜੋ ਅੱਲ੍ਹਾ ਸਰਵ ਸ਼ਕਤੀਮਾਨ ਨੇ ਨਿਰਧਾਰਤ ਕੀਤੇ ਹਨ ਮਤਲਬ ਇੱਕ ਜਿਹਾਦ ਕਰਨਾ ਪੈਂਦਾ ਹੈ। ਫਿਰ ਫ਼ਰਮਾਇਆ, 'مٰلِكِ يَوْمِ الدِّيْنِ ਦਾ ਅਰਥ ਹੈ ਪਰਲੋਕ ਦਾ ਇਨਾਮ ਅਤੇ ਇਸ ਸੰਸਾਰ ਦੀ ਹਰ ਚੀਜ਼ ਉਸ ਦੇ ਹੱਥ ਵਿੱਚ ਹੈ। ਜਦੋਂ ਕੋਈ ਮਨੁੱਖ ਇੰਨ੍ਹੀ ਸਿਫ਼ਤ-ਸਲਾਹ ਕਰਦਾ ਹੈ, ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਦਾ ਰੱਬ ਕਿੰਨਾ ਮਹਾਨ ਹੈ। ਜਦੋਂ ਉਹ ਪ੍ਰਮਾਤਮਾ ਨੂੰ ਇਹ ਜਾਣ ਕੇ ਪੁਕਾਰਦਾ ਹੈ ਕਿ ਉਹ ਮੌਜੂਦ ਹੈ। اِيَّاكَ نَعْبُدُ وَاِيَّاكَ نَسْتَعِيْنُ ਅਰਥਾਤ ਅਸੀਂ ਤੇਰੀ ਇਬਾਦਤ ਕਰਦੇ ਹਾਂ ਜਾਂ ਅਸੀਂ ਕਰਨਾ ਚਾਹੁੰਦੇ ਹਾਂ ਅਤੇ ਅਸੀਂ ਤੇਰੇ'ਤੋਂ ਹੀ ਮਦਦ ਚਾਹੁੰਦੇ ਹਾਂ। اِهْدِنَا الصِّرَاطَ الْمُسْتَقِيْمَ صِرَاطَ الَّذِيْنَ اَنْعَمْتَ عَلَيْهِمْ ਦਾ ਅਰਥ ਹੈ, ਓਹ ਰਾਹ ਜੋ ਬਿਲਕੁੱਲ ਸਿੱਧਾ ਹੋਵੇ ਜਿਸ ਵਿੱਚ ਕੋਈ ਦੋਸ਼ ਨਾ ਹੋਵੇ। ਅੰਨ੍ਹੇ ਦਾ ਇੱਕ ਰਸਤਾ ਹੈ ਜਿਸ ਉੱਤੇ ਮਿਹਨਤ ਦਾ ਕੋਈ ਨਤੀਜਾ ਨਹੀਂ ਨਿਕਲਦਾ ਸਿੱਧਾ ਰਸਤਾ ਉਹ ਹੈ ਜਿਸ ਉੱਤੇ ਇਨਾਮ ਮਿਲਦੇ ਹਨ। غَيْرِ الْمَغْضُوْبِ عَلَيْهِمْ ਨਾ ਉਨ੍ਹਾਂ ਲੋਕਾਂ ਵਿੱਚੋਂ ਜਿਨ੍ਹਾਂ ਉੱਤੇ ਤੇਰਾ ਕ੍ਰੋਧ ਪਿਆ ਹੈ, وَلَا الضَّآلِّيْنَ ਨਾ ਉਨ੍ਹਾਂ ਲੋਕਾਂ ਦਾ ਜੋ ਦੂਰ ਜਾ ਪਏ ਹਨ। ਫ਼ਰਮਾਇਆ اِهْدِنَا الصِّرَاطَ الْمُسْتَقِيْمَ ਦਾ ਅਰਥ ਹੈ ਸੰਸਾਰ ਅਤੇ ਧਰਮ ਦਾ ਮਾਰਗ। ਜਿਵੇਂ ਰੱਬ ਦੀ ਕੋਈ ਸੀਮਾ ਨਹੀਂ ਹੈ, ਉਸੇ ਤਰ੍ਹਾਂ ਉਸ ਦੇ ਦਰਜੇ ਦੀ ਵੀ ਕੋਈ ਸੀਮਾ ਨਹੀਂ ਹੈ।

ਫ਼ਰਮਾਇਆ ਦੂਆ ਬਹੁਤ ਅਜੀਬ ਚੀਜ਼ ਹੈ, ਪਰ ਦੁੱਖ ਇਹ ਹੈ ਕਿ ਨਾ ਤਾਂ ਦੂਆ ਕਰਨ ਵਾਲੇ ਦੂਆ ਕਰਨ ਦੇ ਤਰੀਕੀਆਂ ਤੋਂ ਜਾਣੂ ਹਨ ਅਤੇ ਨਾ ਹੀ ਇਸ ਯੁੱਗ ਵਿੱਚ ਅਰਦਾਸ ਕਰਨ ਵਾਲੇ ਦੂਆ ਨੂੰ ਸਵੀਕਾਰ ਕਰਨ ਦੇ ਤਰੀਕਿਆਂ ਤੋਂ ਜਾਣੂ ਹਨ। ਸਗੋਂ ਵਾਸਤਵਿਕਤਾ ਇਹ ਹੈ ਕਿ ਦੂਆ ਦੀ ਹਕੀਕਤ'ਤੋਂ ਹੀ ਪੂਰੇ ਅਗਿਆਤ ਹੋ ਗਏ ਹਨ। ਪ੍ਰਾਰਥਨਾ ਕਰਨ ਵਾਲੇ ਲਈ ਸਬਰ ਸੰਬੰਧੀ ਫ਼ਰਮਾਇਆ, ਦੇਖੋ ! ਧੀਰਜ ਉਸ ਜ਼ਿਮੀਦਾਰ ਦੀ ਸਥਿਤੀ ਵਰਗਾ ਹੈ ਜੋ ਬਾਹਰ ਜਾ ਕੇ ਆਪਣੇ ਖੇਤ ਵਿੱਚ ਬੀਜ ਬੀਜਦਾ ਹੈ। ਵੇਖਣ'ਚ ਉਸ ਨੇ ਇੱਕ ਵਧੀਆ ਬੀਜ ਨੂੰ ਜ਼ਮੀਨ ਵਿੱਚ ਧੱਕ ਦਿੰਦਾ. ਪਰ ਸਿਆਣਾ ਜ਼ਿਮੀਂਦਾਰ ਚੰਗੀ ਤਰ੍ਹਾਂ ਜਾਣਦਾ ਹੈ ਕਿ ਉਸ ਦੇ ਫ਼ਲ ਦਾ ਕਿਹੜ੍ਹਾ ਮੌਕਾ ਹੈ, ਉਹ ਧੀਰਜ ਨਾਲ ਵੇਖਦਾ ਹੈ ਅਤੇ ਵਿਚਾਰ ਕਰਦਾ ਰਹਿੰਦਾ ਹੈ, ਅਤੇ ਇੰਝ ਉਹ ਸਮਾਂ ਆ ਜਾਂਦਾ ਹੈ ਜਦੋਂ ਉਸ ਨੂੰ ਫ਼ਲ ਲੱਗਦਾ ਹੈ ਅਤੇ ਉਹ ਪੱਕਦਾ ਵੀ ਹੈ। ਇਹੀ ਪ੍ਰਾਰਥਨਾ ਦੀ ਸਥਿਤੀ ਹੈ।

ਫ਼ਰਮਾਇਆ : ਮੈਂ ਆਪਣੇ ਅਨੁਭਵ ਨਾਲ ਵੇਖਿਆ ਹੈ ਅਤੇ ਪਿੱਛਲੇ ਧਾਰਮਿਕ ਲੋਕਾਂ ਦਾ ਅਨੁਭਵ ਵੀ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਜੇਕਰ ਕੋਈ ਵਿਅਕਤੀ ਕਿਸੇ ਵੀ ਮਾਮਲੇ ਵਿੱਚ ਚੁੱਪ ਰਹੇ ਤਾਂ ਸਫਲਤਾ ਦੀ ਆਸ ਹੈ। ਸਰਬ ਸ਼ਕਤੀਮਾਨ ਪਰਮਾਤਮਾ ਜੋ ਕਰੀਮ ਅਤੇ ਹਯਾ ਰੱਖਦਾ ਹੈ। ਜਦੋਂ ਉਹ ਵੇਖਦਾ ਹੈ ਕਿ ਉਸ ਦਾ ਵਿਨਮ੍ਰ ਸੇਵਕ ਲੰਬੇ ਸਮੇਂ'ਤੋਂ ਉਸ ਦੇ ਦਰਾਤੇ ਪਿਆ ਹੈ ਤਾਂ ਕਦੇ ਉਸ ਦਾ ਅੰਤ ਬੁਰਾ ਨਹੀਂ ਹੁੰਦਾ। ਜਿਵੇਂ ਕੋਈ ਗਰਭਵਤੀ ਔਰਤ ਚਾਰ-ਪੰਜ ਮਹੀਨਿਆਂ ਬਾਅਦ ਕਹੇ ਕਿ ਮੇਰਾ ਬੱਚਾ ਕਿਉਂ ਨਹੀਂ ਹੁੰਦਾ ਅਤੇ ਜੇਕਰ ਉਹ ਇਸ ਇੱਛਾ'ਚ ਗਰਭਪਾਤ ਦੀ ਦਵਾਈ ਲੈ ਲਵੇ, ਤਾਂ ਕੀ ਉਸ ਸਮੇਂ ਬੱਚਾ ਪੈਦਾ ਹੋਵੇਗਾ ਜਾਂ ਉਹ ਆਪ ਹੀ ਕਿਸੇ ਨਿਰਾਸ਼ਾ ਤੋਂ ਪੀੜਤ ਹੋਵੇਗੀ ? ਇੰਝ ਹੀ ਜੋ ਸਮੇਂ'ਤੋਂ ਪਹਿਲਾਂ ਜਲਦੀ ਕਰਦਾ ਹੈ, ਉਸ ਨੂੰ ਨੁਕਸਾਨ ਹੋਵੇਗਾ। ਨਾ ਕੇਵਲ ਨੁਕਸਾਨ ਹੀ ਸਗੋਂ ਵਿਸ਼ਵਾਸ ਨੂੰ ਵੀ ਧੱਕਾ ਲੱਗ ਜਾਂਦਾ ਹੈ, ਕੁੱਝ ਅਜੀਹੀਆਂ ਸਥਿਤੀਆਂ ਵਿੱਚ, ਨਾਸਤਿਕ ਹੋ ਜਾਂਦੇ ਹਨ।

ਫ਼ਰਮਾਇਆ : ਵੇਖੋ ! ਇਬਰਾਹੀਮ ਨੇ ਪ੍ਰਾਰਥਨਾ ਕੀਤੀ ਕਿ ਉਸ ਦੀ ਔਲਾਦ ਵਿੱਚੋਂ ਇੱਕ ਅਰਬ ਵਿੱਚ ਨਬੀ ਬਣੇ। ਫਿਰ ਕੀ ਉਹ, ਉਸੇ ਸਮੇਂ ਸਵੀਕਾਰ ਹੋ ਗਈ ? ਇਬਰਾਹੀਮ ਮਗਰੋਂ, ਲੰਬੇ ਸਮੇਂ ਤੱਕ ਕਿਸੇ ਨੂੰ ਇਸ ਪ੍ਰਾਰਥਨਾ

ਦਾ ਖ਼ਿਆਲ ਵੀ ਨਹੀਂ ਸੀ. ਪਰ  ਆਪ ਸੱਲਲਾਹੋ ਅਲੈਹਿ ਵਸਲੱਮ ਦੇ ਰੂਪ ਵਿੱਚ ਇਹ ਦੂਆ ਪੂਰੀ ਹੋਈ। ਅਤੇ ਫਿਰ ਕਿਸ ਸ਼ਾਨ ਨਾਲ ਪੂਰੀ ਹੋਈ।

ਪ੍ਰਾਰਥਨਾ ਦੇ ਕਬੂਲ ਹੋਣ ਲਈ ਸਰੀਰ ਅਤੇ ਆਤਮਾ ਦਾ ਸੰਬੰਧ ਕਿਵੇਂ ਹੋਣਾ ਚਾਹੀਦਾ ਹੈ, ਇਸ ਬਾਰੇ ਆਪ ਫ਼ਰਮਾਉਂਦੇ ਹਨ ਕਿ ਬਾਹਰੀ ਪ੍ਰਾਰਥਨਾ ਅਤੇ ਵਰਤ ਦਾ ਕੋਈ ਗੁਣ ਨਹੀਂ ਹੈ ਜੇਕਰ ਉਹ ਇਮਾਨਦਾਰੀ ਅਤੇ ਸੁਹਿਰਦਤਾ ਨਾਲ ਨਾ ਹੋਵੇ। ਜੋਗੀ ਅਤੇ ਤਪੱਸਵੀ ਵੀ ਆਪਣੀ ਥਾਂ ਬਹੁਤ ਤਪੱਸਿਆ ਕਰਦੇ ਹਨ। ਇਹ ਦੁੱਖ ਉਨ੍ਹਾਂ ਨੂੰ ਕੋਈ ਰੌਸ਼ਨੀ ਅਤੇ ਸ਼ਾਂਤੀ ਨਹੀਂ ਦਿੰਦਾ। ਉਹ ਭੌਤਿਕ ਤਪੱਸਿਆ ਦਾ ਅਭਿਆਸ ਕਰਦੇ ਹਨ ਜਿਨ੍ਹਾਂ ਦਾ ਅੰਦਰ ਨਾਲ ਬਹੁਤ ਘੱਟ ਸੰਬੰਧ ਹੁੰਦਾ ਹੈ ਅਤੇ ਉਹਨਾਂ ਦੀ ਅਧਿਆਤਮਿਕਤਾ'ਤੇ ਕੋਈ ਪ੍ਰਭਾਵ ਨਹੀਂ ਹੁੰਦਾ। ਪਰ ਪਵਿੱਤਰ ਕੁਰਆਨ ਵਿੱਚ ਰੱਬ ਸਰਵ ਸ਼ਕਤੀਮਾਨ ਨੇ ਫ਼ਰਮਾਇਆ ਹੈ ਕਿ ਤੁਹਾਡੀਆਂ ਕੁਰਬਾਨੀਆਂ ਦਾ ਮਾਸ ਅਤੇ ਲਹੂ ਅੱਲ੍ਹਾ ਤੱਕ ਨਹੀਂ ਪਹੁੰਚਦਾ, ਪਰ ਸ਼ਰਧਾ ਪਹੁੰਚਦੀ ਹੈ। ਹਕੀਕਤ'ਚ ਸਰਬ ਸ਼ਕਤੀਮਾਨ ਪ੍ਰਮਾਤਮਾ ਛਿਲੜ੍ਹ ਨੂੰ ਪਸੰਦ ਨਹੀਂ ਕਰਦਾ। ਪਰ ਗੂਦਾ ਚਾਹੁੰਦਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਮਾਸ ਅਤੇ ਲਹੂ ਨਹੀਂ ਪਹੁੰਚਦਾ ਤਾਂ ਕੁਰਬਾਨੀ ਦੀ ਕੀ ਲੋੜ ਹੈ ? ਇਸੇ ਤਰ੍ਹਾਂ ਜੇ ਅਰਦਾਸ ਅਤੇ ਵਰਤ ਆਤਮਾ ਦੇ ਹਨ ਤਾਂ ਬਾਹਰੀ ਦਿੱਖ ਦੀ ਕੀ ਲੋੜ ਹੈ ? ਫ਼ਰਮਾਇਆ ਕਿ ਇਹ ਬਿਲਕੁੱਲ ਸੱਚ ਹੈ ਕਿ ਜੋ ਦੇਹਧਾਰੀ ਸੇਵਾ ਕਰਨੀ ਛੱਡ ਦਿੰਦੇ ਹਨ, ਉਨ੍ਹਾਂ ਨੂੰ ਆਤਮਾ ਪ੍ਰਵਾਨ ਨਹੀਂ ਕਰਦੀ ਅਤੇ ਉਨ੍ਹਾਂ ਅੰਦਰ ਲੋੜ ਅਤੇ ਸੇਵਾ-ਭਾਵ ਜੋ ਅਸਲ ਟੀਚਾ ਹੈ, ਪੈਦਾ ਨਹੀਂ ਹੋ ਸਕਦਾ ਜੋ ਕੇਵਲ ਸਰੀਰ ਦੀ ਸੇਵਾ ਕਰਦੇ ਹਨ ਅਤੇ ਆਤਮਾ ਨੂੰ ਸ਼ਾਮਲ ਨਹੀਂ ਕਰਦੇ ਉਹ ਵੀ ਇੱਕ ਖਤਰਨਾਕ ਗਲਤੀ ਵਿੱਚ ਪੈ ਜਾਂਦੇ ਹਨ। ਆਤਮਾ ਅਤੇ ਸਰੀਰ ਨੂੰ ਪਰਮੇਸ਼ਰ ਦੁਆਰਾ ਜੋੜਿਆ ਗਿਆ ਹੈ ਅਤੇ ਸਰੀਰ ਦਾ ਆਤਮਾ'ਤੇ ਪ੍ਰਭਾਵ ਹੈ, ਉਦਾਹਰਣ ਵਜੋਂ ਜੇਕਰ ਕੋਈ ਵਿਅਕਤੀ ਵਿਖਾਵੇ ਨਾਲ ਰੋਣਾ ਚਾਹੁੰਦਾ ਹੈ, ਤਾਂ ਉਸ ਨੂੰ ਰੋਣਾ ਆ ਹੀ ਜਾਵੇਗਾ। ਇਵੇਂ ਹੀ ਜਿਸ ਤਰ੍ਹਾਂ ਪ੍ਰਾਰਥਨਾ ਦੀ ਅਵਸਥਾ ਸਰੀਰ ਨੂੰ ਪ੍ਰਭਾਵਿਤ ਕਰਦੀ ਹੈ, ਉਦਾਹਰਨ ਲਈ, ਖੜੇ ਹੋਣਾ ਅਤੇ ਝੁੱਕਣਾ, ਇਹ ਆਤਮਾ ਨੂੰ ਵੀ ਪ੍ਰਭਾਵਿਤ ਕਰਦੀ ਹੈ, ਅਤੇ ਜਿੰਨ੍ਹੀਂ ਸਰੀਰ ਵਿੱਚ ਲੋੜ ਦੀ ਸਥਿਤੀ ਦਰਸਾਉਂਦੀ ਹੈ, ਉਨ੍ਹੀ ਹੀ ਆਤਮਾ ਨੂੰ ਵੀ ਪ੍ਰਭਾਵਿਤ ਕਰਦੀ ਹੈ। ਜੇਕਰ ਪ੍ਰਮਾਤਮਾ ਸਧਾਰਨ ਮੱਥਾ ਟੇਕਣ ਨੂੰ ਪ੍ਰਵਾਨ ਨਹੀਂ ਕਰਦਾ ਪਰ ਮੱਥਾ ਟੇਕਣ ਦਾ ਆਤਮਾ ਨਾਲ ਰਿਸ਼ਤਾ ਹੁੰਦਾ ਹੈ, ਇਸੇ ਲਈ ਅਰਦਾਸ ਵਿਚ ਆਖਰੀ ਥਾਂ ਮੱਥਾ ਟੇਕਿਆ ਜਾਂਦਾ ਹੈ। ਜਦੋਂ ਮਨੁੱਖ ਲੋੜ ਦੇ ਆਖਰੀ ਮੁਕਾਮ 'ਤੇ ਪਹੁੰਚ ਜਾਂਦਾ ਹੈ, ਤਦ ਉਹ ਸਜਦਾ ਕਰਨਾ ਚਾਹੁੰਦਾ ਹੈ। ਇਸੇ ਲਈ ਸਰੀਰ ਦਾ ਆਤਮਾ ਨਾਲ ਵਿਸ਼ੇਸ਼ ਸਬੰਧ ਹੈ।

ਉਨ੍ਹਾਂ ਅੱਗੇ ਦੱਸਦਿਆਂ ਕਿਹਾ ਕਿ ਕੁੱਝ ਲੋਕ ਕਹਿੰਦੇ ਹਨ ਕਿ ਅਰਦਾਸ ਕਰਨ ਨਾਲ ਕੋਈ ਆਨੰਦ ਨਹੀਂ ਹੁੰਦਾ। ਪਰ ਉਹ ਇਹ ਨਹੀਂ ਜਾਣਦੇ ਕਿ ਆਨੰਦ ਉਨ੍ਹਾਂ ਦੇ ਵੱਸ ਵਿੱਚ ਨਹੀਂ ਹੈ ਅਤੇ ਆਨੰਦ ਦਾ ਗੁਣ ਵੀ ਵੱਖਰਾ ਹੈ ਇੰਝ ਹੁੰਦਾ ਹੈ ਕਿ ਵਿਅਕਤੀ ਨੂੰ ਬਹੁਤ ਜ਼ਿਆਦਾ ਦਰਦ ਹੁੰਦਾ ਹੈ ਪਰ ਉਹ ਇਸ ਦਰਦ ਨੂੰ ਖੁਸ਼ੀ ਸਮਝਦਾ ਹੈ। ਸਾਰੀ ਖੁਸ਼ੀ ਅਤੇ ਰਾਹਤ ਦੁੱਖ ਮਗਰੋਂ ਮਿਲਦੀ ਹੈ। ਇਸੇ ਲਈ ਪਵਿੱਤਰ ਕੁਰਆਨ ਨੇ ਇਹ ਨਿਯਮ ਦੱਸਿਆ ਹੈ اِنَّ مَعَ الۡعُسۡرِ یُسۡرًا ਜੇ ਕਿਸੇ ਰਾਹਤ ਤੋਂ ਪਹਿਲਾਂ ਕੋਈ ਦਰਦ ਨਹੀਂ ਹੈ, ਤਾਂ ਉਹ ਰਾਹਤ, ਰਾਹਤ ਨਹੀਂ ਹੈ। ਇਸੇ ਤਰ੍ਹਾਂ ਜਿਹੜੇ ਕਹਿੰਦੇ ਹਨ ਕਿ ਸਾਨੂੰ ਇਬਾਦਤ ਦਾ ਆਨੰਦ ਨਹੀਂ ਆਉਂਦਾ, ਉਨ੍ਹਾਂ ਨੂੰ ਪਹਿਲਾਂ ਇਹ ਸੋਚਣਾ ਚਾਹੀਦਾ ਹੈ ਕਿ ਉਹ ਭਗਤੀ ਲਈ ਕਿੰਨੇ ਦੁੱਖ-ਤਕਲੀਫ਼ ਉਠਾਉਂਦੇ ਹਨ। ਜਿੰਨਾ ਦੁੱਖ-ਤਕਲੀਫ਼ ਬੰਦੇ ਨੂੰ ਝੱਲਣਾ ਪੈਂਦਾ ਹੈ, ਉਹੀ ਪਰਿਵਰਤਨ ਮਗਰੋਂ ਆਨੰਦ ਬਣ ਜਾਂਦਾ ਹੈ ਫ਼ਰਮਾਇਆ ਕਿ ਮੇਰਾ ਮਤਲਬ ਉਨ੍ਹਾਂ ਦੁੱਖਾਂ ਤੋਂ ਨਹੀਂ ਕਿ ਕੋਈ ਵਿਅਕਤੀ ਆਪਣੇ ਆਪ ਨੂੰ ਬੇਲੋੜੀਆਂ ਕਠਿਨਾਈਆਂ ਵਿੱਚ ਪਾ ਕੇ ਧਨ-ਦੌਲਤ ਦੀਆਂ ਔਕੜਾਂ ਝੱਲਣ ਦਾ ਦਾਅਵਾ ਕਰੇ, ਸਗੋਂ

ਇਸ ਦਾ ਮਤਲਬ ਇਹ ਹੈ ਕਿ ਉਸ ਨੂੰ ਆਪਣੇ ਸਾਰੇ ਕੰਮਾਂ ਅਤੇ ਨੀਂਦ ਨੂੰ ਤਿਆਗ ਕੇ ਸਮੇਂ ਸਿਰ ਨਮਾਜ਼ ਅਦਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਦਿਲ੍ਹ ਵਿਚ ਅੱਲ੍ਹਾ ਦਾ ਡਰ ਪੈਦਾ ਹੋ ਜਾਵੇ।

ਕੁੱਝ ਲੋਕ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਕਿਸੇ ਕਿਸਮ ਦਾ ਦੁੱਖ ਨਹੀਂ ਹੁੰਦਾ ਅਤੇ ਇਹ ਸੋਚਦੇ ਹਨ ਕਿ ਦੂਜੀਆਂ ਨੂੰ ਪ੍ਰਾਰਥਨਾ ਕਰਨ ਲਈ ਕਹਿਣ ਨਾਲ ਕੰਮ ਹੋ ਜਾਵੇਗਾ। ਅਜੀਹੇ ਹੀ ਇੱਕ ਮੌਕੇ 'ਤੇ, ਆਪ ਅਲੈਹਿ ਸਲਾਮ ਨੇ ਇੱਕ ਵਿਅਕਤੀ ਨੂੰ ਕਿਹਾ, ਜੇਕਰ ਤੁਸੀਂ ਆਪ ਵੀ ਧਿਆਨ ਨਾਲ ਪ੍ਰਾਰਥਨਾ ਕਰੋਗੇ ਤਾਂ ਹੀ ਮੇਰੀ ਪ੍ਰਾਰਥਨਾ ਦਾ ਅਸਰ ਹੋਵੇਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਜ ਸਾਰਾ ਧਿਆਨ ਧਰਮ ਅਤੇ ਰੱਬ ਦੇ ਵਿਰੋਧੀਆਂ ਅਤੇ ਦਵੈਤ ਦੇ ਸਮਰਥਕਾਂ ਦਾ ਦਿਲਾਂ ਵਿੱਚ ਇਹ ਬਿਠਾਉਣਾ ਹੈ ਕਿ ਪ੍ਰਮਾਤਮਾ ਨੇ ਤੁਹਾਨੂੰ ਕੀ ਦਿੱਤਾ ਹੈ। ਧਰਮ ਦਾ ਕੀ ਫਾਇਦਾ ਧਰਮ ਸੁਸਤ ਬਣਾਉਂਦਾ ਹੈ। ਧਰਮ ਮਨ ਵਿੱਚ ਭਰਮ ਪੈਦਾ ਕਰਦਾ ਹੈ। ਅਜਿਹੀ ਸਥਿਤੀ ਵਿੱਚ, ਹਰ ਅਹਮਦੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਪ੍ਰਮਾਤਮਾ ਨਾਲ ਪੱਕਾ ਰਿਸ਼ਤਾ ਕਾਇਮ ਕਰੇ। ਇਬਾਦਤਾਂ ਦੀ ਰੱਖਿਆ ਕਰੇ ਅਤੇ ਦੁਆ ਵਿੱਚ ਵਿਸ਼ਵਾਸ ਕਰੇ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਸਾਡੀ ਜਮਾਅਤ ਲਈ ਇਸ ਗੱਲ੍ਹ ਦੀ ਲੋੜ੍ਹ ਹੈ ਕਿ ਆਪਣੇ ਵਿਸ਼ਵਾਸ ਨੂੰ ਵਧਾਉਣ। ਪ੍ਰਮਾਤਮਾ ਵਿੱਚ ਸੱਚਾ ਵਿਸ਼ਵਾਸ ਅਤੇ ਗਿਆਨ ਰੱਖੇ। ਚੰਗੇ ਕੰਮਾਂ ਵਿੱਚ ਆਲਸੀ ਅਤੇ ਥੱਕ ਨਾ ਜਾਓ ਕਿਉਂਕਿ ਜੇਕਰ ਤੁਸੀਂ ਸੁਸਤ ਹੋ ਤਾਂ ਤਹਜੁੱਦ ਲਈ ਉੱਠਣਾ ਵੱਡੀ ਗੱਲ ਹੈ ਆਮ ਨਮਾਜ਼ਾਂ ਲਈ ਵਜ਼ੂ ਕਰਨਾ ਵੀ ਔਖਾ ਲੱਗਦਾ ਹੈ।

ਫ਼ਰਮਾਇਆ, "ਜੇ ਚੰਗੇ ਕੰਮਾਂ ਦੀ ਤਾਕਤ ਨਾ ਪੈਦਾ ਹੋਵੇ ਅਤੇ ਭਲਾਈ ਦੇ ਕੰਮਾਂ'ਚ ਮੁਕਾਬਲੇ ਲਈ ਉਤਸ਼ਾਹ ਨਾ ਹੋਵੇ ਤਾਂ ਸਾਡੇ ਨਾਲ ਰਿਸ਼ਤਾ ਰੱਖਣਾ ਬੇਕਾਰ ਹੈ।

ਸੋ ਸਾਨੂੰ ਰੱਬ ਨਾਲ ਆਪਣਾ ਰਿਸ਼ਤਾ ਵਧਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਜਦੋਂ ਇਹ ਅਸਲੀ ਰਿਸ਼ਤਾ ਹੋਵੇਗਾ ਤਾਂ ਅਸੀਂ ਦੁਆਵਾਂ ਦੇ ਕਬੂਲ ਹੋਣ ਦੇ ਨਜ਼ਾਰੇ ਵੀ ਕਰਾਂਗੇ। ਰੱਬ ਸਾਨੂੰ ਤੌਫੀਕ ਬਖ਼ਸ਼ੇ।

ਖ਼ੁਤਬੇ ਦੇ ਅੰਤ ਵਿਚ ਹਜ਼ੂਰੇ ਅਨਵਰ ਨੇ ਪਾਕਿਸਤਾਨ ਅਤੇ ਅਲਜਜ਼ਾਇਰ ਦੇ ਅਹਮਦੀਆਂ ਲਈ ਵਿਸ਼ੇਸ਼ ਦੁਆ ਲਈ ਪ੍ਰੇਰਦੇ ਹੋਏ ਫ਼ਰਮਾਇਆ ਕਿ ਪਾਕਿਸਤਾਨ ਵਿੱਚ ਜਿਵੇਂ ਅਹਮਦੀਆਂ ਲਈ ਮੁਸ਼ਕਲਾਂ ਖੜ੍ਹੀਆਂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਉਸੇ ਤਰ੍ਹਾਂ ਅਲਜਜ਼ਾਇਰ ਵਿੱਚ ਵੀ ਉਹ ਮੁੜ ਭੜਕ ਗਏ ਹਨ। ਰੱਬ ਹਰ ਅਹਮਦੀ ਨੂੰ ਹਰ ਥਾਂ ਅਤੇ ਹਰ ਮੁਸੀਬਤ'ਚੋਂ ਬਚਾਵੇ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔